# ਤੱਥਨਾਮਾ: ਭੋਜਨ ਬਰਾਮਦ ਕਰਨਾ

## ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮ

ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮਾਂ (ਐੱਸ.ਐੱਫ.ਸੀ.ਆਰ.) [Safe Food for Canadians Regulations (SFCR)] ਤਹਿਤ ਉਨ੍ਹਾਂ ਕਾਰੋਬਾਰਾਂ ’ਤੇ ਭੋਜਨ ਦੀ ਸੁਰੱਖਿਆ ਦੀਆਂ ਨਵੀਆਂ ਸ਼ਰਤਾਂ ਲਾਗੂ ਹਨ ਜਿਹੜੇ ਕਨੇਡਾ ਤੋਂ ਬਾਹਰ ਬਰਾਮਰ ਕਰਨ ਲਈ ਭੋਜਨ ਤਿਆਰ ਕਰਦੇ ਹਨ।

### ਕੀ ਤੁਹਾਡਾ ਕਾਰੋਬਾਰ ਤਿਆਰ ਹੈ?

ਆਪਣਾ ਭੋਜਨ ਬਰਾਮਦ ਕਰਨ ਤੋਂ ਪਹਿਲਾਂ ਇੱਕ ਬਰਾਮਦ-ਕਰਤਾ ਵਜੋਂ ਤੁਹਾਡੇ ਵੱਲੋਂ ਬਰਾਮਦ ਕੀਤੇ ਜਾਣ ਵਾਲੇ ਭੋਜਨ ਲਈ ਕਨੇਡਾ ਦੇ ਨਾਲ-ਨਾਲ ਦਰਾਮਦ ਕਰਨ ਵਾਲੇ ਦੇਸ਼ ਦੀਆਂ ਸ਼ਰਤਾਂ ਨੂੰ ਵੀ ਪੂਰਾ ਕਰਨਾ ਪਵੇਗਾ। ਜੇ ਦੂਜੇ ਦੇਸ਼ ਵਿੱਚ ਇਸ ਬਾਰੇ ਕੋਈ ਸ਼ਰਤਾਂ ਨਾ ਹੋਣ, ਕੈਨੇਡਾ ਵਿੱਚ ਲਾਗੂ ਕਾਨੂੰਨਾਂ ਦੀ ਪਾਲਣਾ ਤੁਹਾਨੂੰ ਫਿਰ ਵੀ ਕਰਨੀ ਪਵੇਗੀ।

### ਮੁੱਖ ਸ਼ਰਤਾਂ

### 1. ਲਸੰਸ ਪ੍ਰਣਾਲੀ

ਬਹੁਤੇ ਮਾਮਲਿਆਂ ਵਿੱਚ ਬਰਾਮਦ-ਕਰਤਾਵਾਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ:

- ਉਨ੍ਹਾਂ ਦੁਆਰਾ ਬਰਾਮਦ ਕੀਤਾ ਜਾਣ ਵਾਲ਼ਾ ਭੋਜਨ ਕਿਸੇ ਅਜਿਹੇ ਕਾਰੋਬਾਰ ਵੱਲੋਂ ਨਿਰਮਿਤ, ਪ੍ਰੋਸੈੱਸ, ਦਰਜੇਬੰਦ, ਪੈਕ ਜਾਂ ਲੇਬਲ ਕੀਤਾ ਜਾਵੇ ਜੋ ਇਨ੍ਹਾਂ ਵਿੱਚੋਂ ਕਿਸੇ ਵੀ ਗਤੀਵਿਧੀ ਲਈ ਲਸੰਸ-ਸ਼ੁਦਾ ਹੋਵੇ
- ਜੇ ਭੋਜਨ ਕੋਈ ਮੀਟ-ਉਤਪਾਦ ਹੈ, ਤਾਂ ਜਿਸ ਜਾਨਵਰ ਤੋਂ ਮੀਟ ਉਤਪਾਦ ਪ੍ਰਾਪਤ ਕੀਤਾ ਗਿਆ ਹੈ, ਤਾਂ ਉਸ ਨੂੰ ਲਸੰਸਸ਼ੁਦਾ ਕਾਰੋਬਾਰੀ ਕੰਪਨੀ ਦੁਆਰਾ ਕੱਟਿਆ ਗਿਆ ਹੋਵੇ

ਕਿਉਂਕਿ ਦਰਾਮਦ ਸਰਟੀਫਿਕੇਟਾਂ ਬਾਰੇ ਸ਼ਰਤਾਂ ਇੱਕ ਤੋਂ ਦੂਜੇ ਮੁਲਕ ਤਕ ਵੱਖੋ-ਵੱਖਰੀਆਂ ਹਨ, ਮਿਹਰਬਾਨੀ ਕਰ ਕੇ ਭੋਜਨ ਬਰਾਮਦ ਕਰਨ ਤੋਂ ਪਹਿਲਾਂ ਸਰਟੀਫਿਕੇਟ ਦੀ ਲੋੜ ਹੋਣ ਬਾਰੇ ਪਤਾ ਕਰ ਲਵੋ। ਬਰਾਮਦਕਾਰੀ ਲਈ ਸਰਟੀਫਿਕੇਟ ਜਾਂ ਖੁੱਲ੍ਹੀ ਵਿਕਰੀ ਦਾ ਸਰਟੀਫਿਕੇਟ (Certificate of Free Sale) ਲੈਣ ਤੋਂ ਪਹਿਲਾਂ ਬਰਾਮਦਕਾਰਾਂ ਕੋਲ ਲਸੰਸ ਹੋਣਾ ਚਾਹੀਦਾ ਹੈ।

ਲਸੰਸ ਲੈਣ ਬਾਰੇ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਜੇ ਤੁਹਾਨੂੰ ਲਸੰਸ ਲੈਣਾ ਪਿਆ ਤਾਂ ਕਦੋਂ ਲੈਣਾ ਪਵੇਗਾ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

### 2. ਹਿਫਾਜ਼ਤੀ ਕਦਮ

ਬਰਾਮਦ-ਕਰਤਾ ਦੇ ਤੌਰ ’ਤੇ ਤੁਸੀਂ ਤੁਸੀਂ ਹੇਠ ਲਿਖੇ ਤਰੀਕਿਆਂ ਨਾਲ ਭੋਜਨ ਸੁਰੱਖਿਅਤ ਰੱਖ ਸਕਦੇ ਹੋ:

#### ਆਪਣੇ ਭੋਜਨ ਬਾਰੇ ਗਿਆਨ ਰੱਖ ਕੇ

- ਇਹ ਯਕੀਨੀ ਬਣਾਉ ਕਿ ਤੁਹਾਡਾ ਭੋਜਨ ਸੁਰੱਖਿਆ, ਦਰਜੇਬੰਦੀ, ਮਾਣਕਾਂ, ਲੇਬਲਿੰਗ ਅਤੇ ਖਾਲਸ ਮਾਤਰਾ ਸਮੇਤ ਲਾਗੂ ਸ਼ਰਤਾਂ ਨੂੰ ਪੂਰਾ ਕਰਦਾ ਹੈ

- ਤਸਦੀਕ ਕਰੋ ਕਿ ਤੁਹਾਡੇ ਵੱਲੋਂ ਭੇਜਿਆ ਜਾਣ ਵਾਲਾ ਭੋਜਨ ਉਤਪਾਦ ਬਰਾਮਦਕਾਰੀ ਦੇ ਸਰਟੀਫਿਕੇਟ ਅਤੇ ਸਾਮਾਨ ਭੇਜਣ ਦੇ ਹੋਰਨਾਂ ਦਸਤਾਵੇਜਾਂ ਵਿੱਚ ਦਿੱਤੀ ਗਈ ਜਾਣਕਾਰੀ ਨਾਲ ਮੇਲ ਖਾਂਦਾ ਹੋਵੇ
- ਤੁਹਾਡੇ ਕੋਲ ਉਨ੍ਹਾਂ ਵਿਅਕਤੀਆਂ ਦੀ ਸੰਪਰਕ ਜਾਣਕਾਰੀ ਹੋਵੇ ਜਿਨ੍ਹਾਂ ਨੇ ਭੋਜਨ ਤਿਆਰ ਕੀਤਾ ਹੈ, ਅਤੇ ਜੋ ਤੁਹਾਡੇ ਭੋਜਨ ਉਤਪਾਦਾਂ ਨੂੰ ਦਰਾਮਦ ਕਰ ਰਹੇ ਹਨ

**ਆਪਣੀ ਵਿਦੇਸ਼ੀ ਮੰਡੀ ਬਾਰੇ ਜਾਣਨਾ**

- ਬਰਾਮਦ ਕਰਨ ਵਾਲੇ ਦੇਸ਼ ਦੀਆਂ ਸ਼ਰਤਾਂ ਬਾਰੇ ਪਤਾ ਰੱਖੋ
- ਯਕੀਨੀ ਬਣਾਓ ਕਿ ਤੁਸੀਂ ਖਾਸ ਮੰਡੀਆਂ ਦੇ ਪਾਤਰ ਹੋਵੋਂ ਅਤੇ ਤੁਹਾਡੇ ਭੋਜਨ ਦੇ ਹਾਲੇ ਕੈਨੇਡਾ ਵਿੱਚ ਮੌਜੂਦ ਹੋਣ ਦੌਰਾਨ ਤੁਸੀਂ ਸੀ.ਐੱਫ.ਆਈ.ਏ. (CFIA) ਤੋਂ ਮੁਆਇਨੇ ਅਤੇ ਪ੍ਰਮਾਣੀਕਰਨ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹੋਣ

ਇਸ ਦੇ ਨਾਲ-ਨਾਲ ਤੁਹਾਨੂੰ ਹੇਠ ਲਿਖੇ ਤਰੀਕਿਆਂ ਨਾਲ ਭੋਜਨ ਸੁਰੱਖਿਅਤ ਰੱਖਣਾ ਪੈ ਸਕਦਾ ਹੈ:

**ਹਿਫਾਜ਼ਤੀ ਕਦਮਾਂ ਦੀ ਇੱਕ ਯੋਜਨਾ ਲਿਖਣਾ** - ਲਿਖ ਲਵੋ ਅਤੇ ਬਾਕਾਇਦਗੀ ਨਾਲ ਪੜਚੋਲਦੇ ਰਹੋ ਕਿ:

- ਸਾਰੇ ਸਰਟੀਫਿਕੇਟ ਅਤੇ ਭੋਜਨ ਬਾਹਰ ਭੇਜਣ ਵਾਲੇ ਦਸਤਾਵੇਜ ਤੁਹਾਡੇ ਕੋਲ ਹੋਣ
- ਭੋਜਨ ਦੀ ਹਿਫਾਜ਼ਤ ਦੇ ਕਦਮ ਲਾਗੂ ਕੀਤੇ ਹੋਣ
- ਸ਼ਿਕਾਇਤਾਂ ਦੇ ਨਿਪਟਾਰੇ ਅਤੇ ਭੋਜਨ ਵਾਪਸ ਮੰਗਵਾਉਣ ਦੇ ਜ਼ਾਬਤੇ ਤੈਅ ਹੋਣ
- ਤੁਸੀਂ ਇਹ ਗੱਲ ਪੱਕੀ ਕਰ ਲਈ ਹੈ ਕਿ ਤੁਹਾਡੀ ਯੋਜਨਾ ਮਿੱਥੇ ਅਨੁਸਾਰ ਚੱਲ ਰਹੀ ਹੈ

**ਹਿਫਾਜ਼ਤੀ ਕਦਮਾਂ ਦੀ ਇੱਕ ਯੋਜਨਾ ਜਾਂ ਪੀ.ਸੀ.ਪੀ. ਦੱਸਦੀ ਹੈ ਕਿ ਬਰਾਮਦਕਾਰ ਵਜੋਂ ਤੁਸੀਂ ਆਪਣੇ ਵੱਲੋਂ ਬਰਾਮਦ ਕੀਤੇ ਜਾਣ ਵਾਲ਼ੇ ਭੋਜਨ ਨਾਲ ਸੰਬਧਤ ਜ਼ੋਖਮਾਂ ਨੂੰ ਸਮਝਦੇ ਹੋ। ਇਸ ਵਿੱਚ ਤੁਹਾਡੇ ਵੱਲੋਂ ਬਰਾਮਦ ਕੀਤੇ ਜਾਣ ਵਾਲ਼ੇ ਭੋਜਨ 'ਤੇ ਲਾਗੂ ਹਿਫਾਜ਼ਤੀ ਕਦਮ ਤੈਅ ਕੀਤੇ ਅਤੇ ਉਨ੍ਹਾਂ ਕਦਮਾਂ ਬਾਰੇ ਦੱਸਿਆ ਹੁੰਦਾ ਹੈ ਜੋ ਤੁਸੀਂ ਇਨ੍ਹਾਂ ਜ਼ੋਖਮਾਂ ਨੂੰ ਕਾਬੂ ਵਿੱਚ ਰੱਖਣ ਲਈ ਚੁੱਕ ਰਹੇ ਹੁੰਦੇ ਹੋ।**

ਐੱਸ.ਐੱਫ.ਸੀ.ਆਰ. ਦੀਆਂ ਸ਼ਰਤਾਂ ਮੁਤਾਬਕ ਬਰਾਮਦ ਕੀਤਾ ਜਾਣ ਵਾਲ਼ਾ ਭੋਜਨ ਕਿਸੇ ਲਸੰਸ-ਧਾਰਕ ਵੱਲੋਂ ਤਿਆਰ ਕੀਤਾ ਜਾਵੇ। ਜੇ ਤੁਹਾਨੂੰ ਸੀ.ਐੱਫ.ਆਈ.ਏ. ਤੋਂ ਬਰਾਮਦ ਦਾ ਸਰਟੀਫਿਕੇਟ ਲੈਣਾ ਪਵੇ ਤਾਂ ਤੁਹਾਨੂੰ ਲਸੰਸ ਦੇ ਨਾਲ-ਨਾਲ ਇੱਕ ਲਿਖਤੀ ਪੀ.ਸੀ.ਪੀ. ਦੀ ਲੋੜ ਵੀ ਪਵੇਗੀ।

ਸ੍ਰੋਤ ਪਤਾ ਲਾਉਣ ਦੀ ਯੋਗਤਾ ਦਾ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਤੁਹਾਡੇ 'ਤੇ ਸ੍ਰੋਤ ਪਤਾ ਲਾਉਣ ਦੀਆਂ ਕਿਹੜੀਆਂ ਸ਼ਰਤਾਂ ਕਦੋਂ ਲਾਗੂ ਹੁੰਦੀਆਂ ਹਨ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

### 3. ਸ੍ਰੋਤ ਪਤਾ ਲਾਉਣ ਦੀ ਕਾਬਲੀਅਤ

ਐੱਸ.ਐੱਫ.ਸੀ.ਆਰ. ਤਹਿਤ ਤੁਹਾਨੂੰ ਇਸ ਬਾਰੇ ਸਪਸ਼ਟ ਅਤੇ ਪੜ੍ਹੇ ਜਾ ਸਕਣ ਵਾਲ਼ੇ ਰਿਕਾਰਡ ਰੱਖਣੇ ਪੈਂਦੇ ਹਨ ਜਿਨ੍ਹਾਂ ਤੋਂ ਪਤਾ ਲੱਗ ਸਕੇ ਕਿ ਤੁਸੀਂ ਭੋਜਨ ਕਿਸ ਤੋਂ ਲਿਆ ਅਤੇ ਕਿਸ ਨੂੰ ਦਿੱਤਾ। ਇਸ ਨਾਲ ਕਿਸੇ ਉਤਪਾਦ ਨੂੰ ਵਾਪਸ ਮੰਗਵਾਏ ਜਾਣ ਦੀ ਸੂਰਤ ਵਿੱਚ ਵਿਦੇਸ਼ੀ ਹਮਰੁਤਬਾਵਾਂ ਨੂੰ ਇਤਲਾਹ ਦੇਣ ਵਿੱਚ ਲੱਗਣ ਵਾਲ਼ੇ ਸਮੇਂ ਵਿੱਚ ਨਿੱਗਰ ਕਮੀ ਆ ਸਕਦੀ ਹੈ।

ਹਿਫਾਜ਼ਤੀ ਕਦਮਾਂ ਦੀ ਯੋਜਨਾ ਦਾ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਜੇ ਤੁਹਾਨੂੰ ਹਿਫਾਜ਼ਤੀ ਕਦਮਾਂ ਦੀ ਯੋਜਨਾ ਦੀ ਲੋੜ ਪਈ ਤਾਂ ਕਦੋਂ ਪਵੇਗੀ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

## ਇਹ ਅਹਿਮ ਕਿਉਂ ਹੈ

ਐੱਸ.ਐੱਫ.ਸੀ.ਆਰ. ਦੀ ਸ਼ਰਤ ਹੈ ਕਿ ਕਨੇਡਾ ਤੋਂ ਬਰਾਮਦ ਕੀਤਾ ਜਾਣ ਵਾਲ਼ਾ ਭੋਜਨ ਦੀ ਸੁਰੱਖਿਆ ਦੇ ਅੰਤਰਾਸ਼ਟਰੀ ਪੱਧਰ 'ਤੇ ਮਾਨਤਾ-ਪ੍ਰਾਪਤ ਕਦਮਾਂ ਤਹਿਤ ਤਿਆਰ ਕੀਤਾ ਜਾਵੇ। ਇਸ ਨਾਲ ਕਨੇਡਾ ਵੱਲੋਂ ਬਰਾਮਦ ਕੀਤੀਆਂ ਜਾਂਦੀਆਂ ਵਸਤਾਂ ਲਈ ਮੰਡੀ ਤਕ ਰਸਾਈ ਬਣਦੀ ਹੈ।

ਵਧੇਰੇ ਜਾਣਕਾਰੀ ਲਈ www.inspection.gc.ca/safefood ਅਤੇ ਹੇਠ ਲਿਖਿਆਂ ਸਮੇਤ ਸਾਧਨ ਵੇਖੋ।

- ਵਿਡੀਓ: ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮਾਂ ਵਾਸਤੇ ਤਿਆਰੀ ਖਿੱਚਣਾ
- ਵਿਡੀਓ: ਐੱਸ.ਐੱਫ.ਸੀ.ਆਰ. – ਭੋਜਨ ਬਰਾਮਦ ਕਰਨਾ
- ਐੱਸ.ਐੱਫ.ਸੀ.ਆਰ. ਨੂੰ ਸਮਝਣਾ: ਭੋਜਨ ਕਾਰੋਬਾਰਾਂ ਲਈ ਇੱਕ ਪੁਸਤਕ
- ਹਿਫਾਜ਼ਤੀ ਕਦਮਾਂ ਦੀ ਇੱਕ ਯੋਜਨਾ ਬਣਾਉਣਾ – ਘਰੇਲੂ ਭੋਜਨ ਕਾਰੋਬਾਰਾਂ ਲਈ
- ਇੰਫੋਗ੍ਰਾਫਿਕ: ਬਰਾਮਦਕਾਰਾਂ ਲਈ 3 ਮੁੱਖ ਸਿਧਾਂਤ
- ਭੋਜਨ ਬਰਾਮਦ ਕਰਨਾ: ਇੱਕ ਕਦਮਵਾਰ ਸੇਧ ਪੁਸਤਕ
- ਯੂ.ਐੱਸ. ਨੂੰ ਭੋਜਨ ਬਰਾਮਦ ਕਰਨਾ
- ਸ਼ੁਰੂਆਤ: ਕਾਰੋਬਾਰਾਂ ਲਈ ਸਾਧਨਾਂ ਦੀ ਕਿੱਟ